ਸਾਹਿਤਕ ਕਵੀ, ਕਹਾਣੀਕਾਰ, ਲੇਖਕ ਅਤੇ ਗੀਤ ਸੰਗੀਤ ਵਿੱਚ ਰੁਚੀ ਰੱਖਣ ਵਾਲਿਆਂ ਲਈ ਫੋਟੋ ਅਤੇ ਆਪਣੀ ਨਿੱਜੀ ਰਚਨਾ ਭੇਜਣ ਲਈ
Whatsapp No
416 700 9100
vishavpunjabisanjh@gmail.com

ਰੋਜ਼ਾਨਾ
# ਵਿਸ਼ਵ ਪੰਜਾਬੀ ਸਾਂਝ

ਮਿਤੀ 20 ਦਸੰਬਰ ਸ਼ੁੱਕਰਵਾਰ 2024

ਮੁੱਖ ਦਫ਼ਤਰ : ਵਿਸ਼ਵ ਪੰਜਾਬੀ ਭਵਨ, 114 ਕੈਨੇਡੀ ਰੋਡ ਬਰੈਂਪਟਨ, ਓਟਾਂਰੀਓ



ਮੁੱਖ ਸੰਪਾਦਕ
ਡਾ.ਦਲਬੀਰ ਸਿੰਘ ਕਥੂਰੀਆ

Dalbir Singh Kathuria, CEO
905-230-4800
416-700-9100
BramptonCashandCarry2023@gmail.com
100 KENNEDY ROAD S., BRAMPTON ON L6W 3E7, CANADA
BRAMPTON CASH & CARRY

Village of India
905.450.3333
villageofindia.ca
114 KENNEDY ROAD SOUTH BRAMPTON, ON, L6W 3E7
BUFFET | DINE IN | TAKE OUT | CATERING | LUNCH & DINNER | SWEETS

## ਆਸਟਰੇਲੀਅਨ ਆਰਮੀ ਵਿੱਚ ਲੈਫਟੀਨੈਂਟ ਬਣੀ ਪੰਜਾਬ ਦੀ ਧੀ ਗੁਰਪ੍ਰੀਤ

ਗੁਰਦਾਸਪੁਰ, 20 ਦਸੰਬਰ (ਵਿਸ਼ਵ ਪੰਜਾਬੀ ਸਾਂਝ)-ਵਿਦੇਸ਼ਾਂ ਦੀ ਧਰਤੀ ਤੇ ਵੀ ਬਹੁਤ ਸਾਰੇ ਪੰਜਾਬੀ ਨੌਜਵਾਨ ਸਫ਼ਲਤਾ ਦੀਆਂ ਕਹਾਣੀਆਂ ਲਿਖ ਚੁੱਕੇ ਹਨ। ਅਜਿਹੀ ਪੰਜਾਬ ਦੀ ਇੱਕ ਧੀ ਗੁਰਪ੍ਰੀਤ ਨੇ ਆਸਟਰੇਲੀਆ ਦੀ ਧਰਤੀ ਤੇ ਜਾ ਕੇ ਆਪਣੀ ਕਾਬਲੀਅਤ ਦੀ ਬਦੌਲਤ ਆਸਟਰੇਲੀਅਨ ਆਰਮੀ ਵਿੱਚ ਲੈਫਟੀਨੈਂਟ ਦਾ ਆਹੁਦਾ ਹਾਸਲ ਕੀਤਾ। ਗੁਰਦਾਸਪੁਰ ਦੇ ਨਜ਼ਦੀਕੀ ਨਵਾਂ ਪਿੰਡ ਬਹਾਦੁਰ ਦੀ ਰਹਿਣ ਵਾਲੀ ਗੁਰਪ੍ਰੀਤ ਆਪਣੇ ਤਾਇਆ ਕੋਲ 2014 ਵਿੱਚ ਸੈਨਿਕ ਸਕੂਲ ਗੁਰਦਾਸਪੁਰ ਵਿੱਚ ਬਾਰਵੀਂ ਕਰਨ ਤੋਂ ਬਾਅਦ ਆਸਟਰੇਲੀਆ ਚਲੀ ਗਈ ਸੀ। ਉਥੇ ਉਸਨੇ ਅਕਾਊਂਟਸ ਵਿੱਚ ਗ੍ਰੈਜੂਏਸ਼ਨ ਕੀਤੀ ਪਰ ਫੌਜੀ ਪਿਤਾ ਦੀ ਧੀ ਹੋਣ ਕਾਰਨ ਉਸ ਦਾ ਸੁਪਨਾ ਫੌਜ ਵਿੱਚ ਜਾਣ ਦਾ ਸੀ। ਗ੍ਰੈਜੂਏਸ਼ਨ ਕਰਨ ਤੋਂ ਬਾਅਦ ਉਹ ਆਸਟ ?ਰੇਲੀਅਨ ਆਰਮੀ ਵਿੱਚ ਕਲਰਕ ਦੇ ਤੌਰ ਤੇ ਭਰਤੀ ਹੋਈ ਪਰ ਉਸਨੇ ਪੜਾਈ ਕਰਕੇ ਅੱਗੇ ਵੱਧਣ ਦਾ ਨਿਸ਼ਚਾ ਕੀਤਾ। ਗੁਰਪ੍ਰੀਤ ਨੇ ਕਾਬਲੀਅਤ ਦੀ ਬਦੌਲਤ ਚਾਰਾਂ ਸਾਲਾਂ ਵਿੱਚ ਹੀ ਟੈਸਟ ਪਾਸ ਕੀਤਾ ਤੇ ਲੈਫਟੀਨੈਂਟ ਬਣ ਗਈ। ਉਸਦੀ ਇਸ ਸਫ਼ਲਤਾ ਤੇ ਪਿੰਡ ਵਿੱਚ ਰਹਿਣ ਵਾਲੇ ਉਸਦੇ ਪਰਿਵਾਰ ਸਮੇਤ ਪੂਰੇ ਪਿੰਡ ਨੂੰ ਮਾਣ ਮਹਿਸੂਸ ਹੋ ਰਿਹਾ ਹੈ ਤੇ ਸਰਪੰਚ ਸਮੇਤ ਪੂਰੀ ਪੰਚਾਇਤ ਅਤੇ ਪਿੰਡ ਦੇ ਲੋਕ ਉਸਦੇ ਪਰਿਵਾਰ ਨੂੰ ਵਧਾਈਆਂ ਦੇ ਰਹੇ ਹਨ।



ਉੱਥੇ ਹੀ ਪਿੰਡ ਦੇ ਪੰਚ ਅਤੇ ਨੌਜਵਾਨ ਸੱਭਿਆਚਾਰਕ ਕਲੱਬ ਵੱਲੋਂ ਪਿੰਡ ਆਉਣ ਤੇ ਇਸ ਹੋਣਹਾਰ ਪੰਜਾਬੀ ਧੀ ਗੁਰਪ੍ਰੀਤ ਨੂੰ ਸਨਮਾਨਿਤ ਕਰਨ ਦੀ ਘੋਸ਼ਣਾ ਵੀ ਕੀਤੀ ਗਈ ਹੈ।

**ਆਸਟਰੇਲੀਅਨ ਆਰਮੀ ਵਿੱਚ ਬਤੌਰ ਕਲਰਕ ਭਰਤੀ ਹੋਈ ਗੁਰਪ੍ਰੀਤ ਨੇ ਅੱਗੇ ਵੱਧਣ ਦਾ ਨਿਸ਼ਚਾ ਕੀਤਾ, ਉਸਨੇ ਆਪਣੀ ਕਾਬਲੀਅਤ ਦੀ ਬਦੌਲਤ ਨੌਕਰੀ ਦੋਰਾਨ ਹੀ ਪੜਾਈ ਕਰਕੇ ਚਾਰ ਸਾਲਾਂ ਵਿੱਚ ਟੈਸਟ ਪਾਸ ਕੀਤਾ ਤੇ ਕਲਰਕ ਤੋਂ ਲੈਫਟੀਨੈਂਟ ਬਣ ਗਈ।**

## ਬਰੈਂਪਟਨ ਕੈਸ਼ ਐਂਡ ਕੈਰੀ ਦੀ ਧਮਾਲ ਆਫ਼ਰ, ਖਰੀਦਦਾਰੀ ਕਰੋਂ ਇਨਾਮ ਜਿੱਤੋ

ਬਰੈਂਪਟਨ (ਵਿਸ਼ਵ ਪੰਜਾਬੀ ਸਾਂਝ ਕੈਨੇਡਾ)- ਬਰੈਂਪਟਨ ਕੈਸ਼ ਐਂਡ ਕੈਰੀ (100 ਕੈਨੇਡੀ ਰੋਡ) ਵੱਲੋਂ ਕ੍ਰਿਸਮਸ ਅਤੇ ਨਵੇਂ ਸਾਲ ਦੇ ਮੌਕੇ ਤੇ ਖਰੀਦਦਾਰਾਂ ਲਈ ਧਮਾਲ ਆਫਰ ਲੈ ਕੇ ਆਇਆ। ਇਸ ਆਫ਼ਰ ਦੇ ਤਹਿਤ ਤੁਹਾਡੇ ਵੱਲੋਂ ਕੀਤੀ ਗਈ ਖਰੀਦਦਾਰੀ ਤੇ ਤੁਹਾਨੂੰ 5 ਤਰਾਂ ਦੇ ਇਨਾਮ ਜਿਵੇਂ 65 ਇੰਚ ਐਲ.ਈ.ਡੀ ਟੀ.ਵੀ, ਮਾਈਕ੍ਰੋਵੇਵ, ਮਿਕਸਰ ਗਰਾਇੰਡਰ, ਫੂਡ ਪ੍ਰੋਸੈਸਰ, ਇਲੈਕਟ੍ਰਿਕ ਪ੍ਰੈਸ ਜਿੱਤਣ ਦਾ ਮੌਕਾ ਮਿਲੇਗਾ, ਤਾਂ ਫਿਰ ਦੇਰੀ ਕਿਸ ਗੱਲ ਦੀ ਤੁਰੰਤ ਬਰੈਂਪਟਨ ਕੈਸ਼ ਐਂਡ ਕੈਰੀ ਦੇ 100 ਕੈਨੇਡੀ ਰੋਡ ਸਥਿਤ ਆਊਟਲੈੱਟ ਤੇ ਪਹੁੰਚੋ ਤੇ ਖਰੀਦਦਾਰੀ ਕਰਕੇ ਆਪਣਾ ਫੋਨ ਨੰਬਰ ਰਜਿਸਟਰਡ ਕਰੋ। ਇਸ ਆਫ਼ਰ ਤਹਿਤ 31 ਦਸੰਬਰ ਨੂੰ ਡਰਾਅ ਕੱਢੇ ਜਾਣਗੇ।




AXLE Car Rental
Enjoy The Ride!
905.917.0818
We Provide:
• Insurance Replacement Rental
• We Deal With All Insurance Companies
• All New Models of Cars, Suv's & Mini Vans
• Free Local Shuttle Service
axlecarrental@gmail.com
www.AxleCarRental.com
1365 Mid-Way Blvd. Unit 10, Mississauga, ON L5T 2J5












# 64 ਸਾਲਾ ਹਰਫਨ ਮੌਲਾ ਪੰਜਾਬੀ ਹਰਜੀਤ ਸਿੰਘ ਨੇ ਜਿੱਤੀ ਅਮਰੀਕਾ ਵਿੱਚ ਟਰੈਥਲੋਨ ਰੇਸ

## ਕੈਨੇਡਾ ਵਿੱਚ ਹੋਇਆ ਥਾਂ-ਥਾਂ ਸੁਆਗਤ ਅਤੇ ਮਾਣ ਸਨਮਾਨ

ਟੋਰਾਂਟੋ:-20 ਦਸੰਬਰ (ਵਿਸ਼ਵ ਪੰਜਾਬੀ ਸਾਂਝ ਕੈਨੇਡਾ )-ਕੈਨੇਡਾ ਦੇ ਬਰੈਂਪਟਨ ਸ਼ਹਿਰ ਵਿੱਚ ਰਹਿ ਰਹੇ ਨੌਜਵਾਨ ਹਰਜੀਤ ਸਿੰਘ (ਹੈਰੀ) ਜੋ ਕਿ ਇਸ ਵਕਤ 64 ਸਾਲ ਦੇ ਹਨ,ਮੁੱਛ-ਫੁੱਟਅਤੇ ਚੜ੍ਹਦੀ ਜਵਾਨੀ ਵਾਲੇ ਅੱਜਕੱਲ੍ਹ ਦੇ ਗੱਭਰੂਆਂ ਨਾਲੋਂ ਵੀ ਜਿਆਦਾ ਫੁਰਤੀਲੇ ਅਤੇ ਜੋਸ਼ੀਲੇ ਹਨ ਨੇ ਹੁਣੇ-ਹੁਣੇ ਮੈਰਾਥਨ ਰੇਸ ਤੋਂ ਵੀ ਵੱਡੀ ਰੇਸ,ਡਬਲਯੂ ਟੀ ਸੀ(ਵਰਲਡ ਟਰੈਥਲੋਨ ਕਾਰਪੋਰੇਸ਼ਨ )ਸੰਸਥਾ ਵੱਲੋਂ ਅਮਰੀਕਾ ਦੇ ਸੈਕਰਾਮੈਂਟੋ ਕੈਲੀਫੋਰਨੀਆ ਵਿੱਚ ਕਰਵਾਈ ਟਰੈਥਲੋਨ ਰੇਸ ਜਿਸ ਵਿੱਚ 4 ਕਿਲੋਮੀਟਰ ਤੈਰਾਕੀ,180 ਕਿਲੋਮੀਟਰ ਸਾਈਕਲ ਚਲਾ ਕੇ ਅਤੇ 42 ਕਿਲੋਮੀਟਰ ਦੌੜਕੇ ਤੇ' ਇਹ ਸਾਰਾ ਕੁਝ 16 ਘੰਟਿਆ ਵਿੱਚ ਪੂਰਾ ਕਰਕੇ ਵੱਕਾਰੀ ਖਿਤਾਬ ਆਪਣੇ ਨਾਮ ਕੀਤਾ । ਸ੍. ਹਰਜੀਤ ਸਿੰਘ ਨੇ ਇਹ ਰੇਸ ਪੂਰੀ ਕਰਕੇ ਨਾਂ ਸਿਰਫ ਪੰਜਾਬੀ ਭਾਈਚਾਰੇ ਦਾ ਹੀ ਨਾਂ ਉੱਚਾ ਕੀਤਾ ਹੈ ਸਗੋਂ ਇਸ ਨਾਲ ਕੈਨੇਡਾ ਅਮਰੀਕਾ ਵਿੱਚ ਵੱਸਦੇ ਭਾਰਤੀਆਂ ਦੀ ਸ਼ਾਨ ਵਿੱਚ ਵੀ ਵਾਧਾ ਹੋਇਆ ਹੈ। ਸ੍. ਹਰਜੀਤ ਸਿੰਘ ਨੇ ਗੱਲ ਕਰਦਿਆਂ ਦੱਸਿਆ ਕਿ ਸਿੱਖਣ ਜਾਂ ਕੁਝ ਕਰਨ ਗੁਜ਼ਰਨ ਦੀ ਕੋਈ ਉਮਰ ਨਹੀ ਹੁੰਦੀ,ਉਸ ਲਈ ਕੁਝ ਕਰਨ ਦਾ ਜਨੂੰਨ ਹੋਣਾਂ ਚਾਹੀਦਾ ਹੈ ਫਿਰ ਬੰਦਾ ਕਾਮਯਾਬੀ ਦੀ ਹਰ ਮੰਜ਼ਿਲ ਸਰ ਕਰ ਲੈਂਦਾ ਹੈ। ਪੰਜਾਬ ਦੇ ਜ਼ਿਲ੍ਹਾ ਸ੍ਰੀ ਫਤਿਹਗੜ੍ਹ ਸਾਹਿਬ ਦੀ ਤਹਿਸੀਲ ਬੱਸੀ ਪਠਾਣਾ ਨਾਲ ਸਬੰਧਤ ਸ੍. ਹਰਜੀਤ ਸਿੰਘ ਇਸ ਰੇਸ ਵਿੱਚ 60 ਸਾਲ ਦੀ ਉਮਰ ਤੋਂ ਲੈ ਕੇ 64 ਸਾਲ ਉਮਰ ਦੇ ਇਸ ਗਰੁੱਪ ਵਿੱਚ ਪਹਿਲੇ ਅਤੇ ਇੱਕੋ ਇੱਕ ਪੰਜਾਬੀ ਹਨ, ਜਿਹਨਾਂ ਦਾ ਕਹਿਣਾ ਹੈ ਕਿ ਸ਼ੁਰੂ ਤੋਂ ਹੀ ਉਹਨਾਂ ਦੀ ਰੁਚੀ ਖੇਡਾਂ ਵੱਲ ਸੀ ਅਤੇ ਉਹ ਸਕੂਲ, ਕਾਲਜ਼ ਅਤੇ ਯੁਨੀਵਰਸਿਟੀ ਵਿੱਚ ਹਾਕੀ, ਫੁੱਟਬਾਲ ਅਤੇ ਹੈਂਡਬਾਲ ਦੇ ਖਿਡਾਰੀ ਸਨ ਜਦੋਂ ਕਿ 62 ਸਾਲ ਦੀ ਉਮਰ ਵਿੱਚ ਤੈਰਾਕੀ ਸਿੱਖੀ ਜਿਸ ਬਾਰੇ ਉਹਨਾਂ ਦਾ ਕਹਿਣਾਂ ਹੈ ਕਿ ਸਿੱਖਣ ਦੀ ਕੋਈ ਉਮਰ ਨਹੀ ਹੁੰਦੀ ਸਿਰਫ ਬੰਦੇ ਨੂੰ ਸ਼ੌਂਕ ਅਤੇ ਜਾਨੂੰਨ ਹੋਣਾਂ ਚਾਹੀਦਾ ਹੈ। ਸ੍. ਹਰਜੀਤ ਸਿੰਘ ਦਾ ਕਹਿਣਾ ਹੈ ਕਿ ਸੰਨ 2023 ਵਿੱਚ ਉਹਨਾਂ ਅਮਰੀਕਾ ਦੀ ਨਿਊਯਾਰਕ ਸਟੇਟ ਦੇ ਸ਼ਹਿਰ ਜੁਨੀਵਾ ਵਿੱਚ ਹਾਫ ਐਰਨ ਮੈਨ ਦੌੜ ਜੋ ਕਿ 70.3 ਮੀਲ ਹੁੰਦੀ ਹੈ ਵਿੱਚ ਹਿੱਸਾ ਲਿਆ ਅਤੇ ਇਸ ਸਾਲ ਫੁੱਲ ਐਰਨ ਮੈਨ ਦੌੜ ਜੋ ਕਿ 140 ਮੀਲ ਦੀ ਹੁੰਦੀ ਵਿੱਚ ਹਿੱਸਾ ਲੈ ਕੇ ਇਸ ਨੂੰ ਪੂਰਾ ਕੀਤਾ ਜਿਸ ਵਿੱਚ 70.3 ਮੀਲ ਦੌੜਨ ਦੇ ਤਰੀਕੇ ਵਿੱਚ ਪਹਿਲਾਂ ਦੋ ਕਿਲੋਮੀਟਰ ਤੈਰਾਕੀ, 90 ਕਿਲੋਮੀਟਰ



ਸਾਈਕਲ ਚਲਾਉਂਣਾ, 21 ਕਿਲੋਮੀਟਰ ਦੌੜਨਾਂ ਅਤੇ ਇਹ ਸਾਰਾ ਕੁਝ 8 ਘੰਟਿਆਂ ਵਿੱਚ ਪੂਰਾ ਕਰਨਾਂ ਹੁੰਦਾ ਹੈ ਜੋ ਕਿ ਸ੍. ਹਰਜੀਤ ਸਿੰਘ ਵੱਲੋਂ ਪੂਰਾ ਵੀ ਕੀਤਾ ਗਿਆ ਅਤੇ ਜਿੱਤ ਵੀ ਪ੍ਰਾਪਤ ਕੀਤੀ।ਸ੍. ਹਰਜੀਤ ਸਿੰਘ ਨੂੰ ਜਿੱਥੇ ਥਾਂ-ਥਾਂਤੇ' ਸਨਮਾਨਿਤ ਕੀਤਾ ਜਾ ਰਿਹਾ ਹੈ ਉੱਥੇ ਹੀ ਪੀਲ ਡਿਸਟ੍ਰਿਕਟ ਸਕੂਲ ਬੋਰਡ ਦੇ ਡਿਪਟੀ ਚੇਅਰਮੈਨ ਸ੍. ਸਤਪਾਲ ਸਿੰਘ ਜੌਹਲ, ਬਰੈਂਪਟਨ ਦੇ ਡਿਪਟੀ ਮੇਅਰ ਸ੍. ਹਰਕੀਰਤ ਸਿੰਘ ,ਰੀਜ਼ਨਲ ਸਿਟੀ ਕੌਂਸਲਰ ਸ੍. ਗੁਰਪ੍ਰਤਾਪ ਸਿੰਘ ਤੂਰ,ਕਬੱਡੀ ਖਿਡਾਰੀ ਗੁਰਦਿਲਬਾਘ ਸਿੰਘ ਬਾਘਾ ਅਤੇ ਹੋਰਨਾਂ ਵੱਲੋਂ ਸ੍. ਹਰਜੀਤ ਸਿੰਘ ਦੀ ਸ਼ਲਾਘਾ ਕੀਤੀ ਗਈ।




## ਜਗਜੀਤ ਸਿੰਘ ਡੱਲੇਵਾਲ ਨੂੰ ਹਸਪਤਾਲ 'ਚ ਕਰੋ ਸ਼ਿਫਟ, ਸੁਪਰੀਮ ਕੋਰਟ

ਸ਼ੰਭੂ ਬਾਰਡਰ, 20 ਦਸੰਬਰ (ਵਿਸ਼ਵ ਪੰਜਾਬੀ ਸਾਂਝ ਕੈਨੇਡਾ)-ਕਿਸਾਨਆਗੂ ਜਗਜੀਤ ਸਿੰਘ ਡੱਲੇਵਾਲ ਪਿਛਲੇ 25 ਦਿਨਾਂ ਤੋਂ ਸ਼ੰਭੂ ਬਾਰਡਰ 'ਤੇ ਮਰਨ ਵਰਤ 'ਤੇ ਬੈਠੇ ਹੋਏ ਹਨ। ਉਹ ਕਿਸਾਨਾਂ ਦੇ ਮੁੱਦਿਆਂ 'ਤੇ ਸਰਕਾਰ ਨਾਲ ਗੱਲਬਾਤ ਕਰਨ ਦੀ ਆਪਣੀ ਮੰਗ 'ਤੇ ਅੜੇ ਹੋਏ ਹਨ। ਕਿਸਾਨ ਆਗੂ ਦੀ ਸਿਹਤ ਵਿਗੜਨ ਤੋਂ ਬਾਅਦ ਮਾਮਲਾ ਸੁਪਰੀਮ ਕੋਰਟ ਤੱਕ ਪਹੁੰਚ ਗਿਆ ਹੈ। ਸੁਪਰੀਮ ਕੋਰਟ ਨੇ ਸਪੱਸ਼ਟ ਸ਼ਬਦਾਂ ਵਿੱਚ ਕਿਹਾ ਕਿ ਡੱਲੇਵਾਲ (70) ਦੀ ਸਿਹਤ ਦੀ ਸਾਰੀ ਜ਼ਿੰਮੇਵਾਰੀ ਪੰਜਾਬ ਸਰਕਾਰ ਦੀ ਹੈ। ਸੁਪਰੀਮ ਕੋਰਟ ਨੇ ਪੰਜਾਬ ਸਰਕਾਰ ਤੋਂ ਇਹ ਸਵਾਲ ਵੀ ਪੁੱਛੇ ਹਨ ਕਿ ਉਸ ਨੂੰ ਨੇੜਲੇ ਜਾਂ ਅਸਥਾਈ ਹਸਪਤਾਲ ਵਿੱਚ ਕਿਉਂ ਨਹੀਂ ਭੇਜਿਆ ਗਿਆ ਜਾਬ ਸਰਕਾਰ ਦੇ ਵੱਲੋਂ ਅਦਾਲਤ ਵਿੱਚ ਪੇਸ਼ ਹੋਏ ਐਡਵੋਕੇਟ ਜਨਰਲ ਗੁਰਮਿੰਦਰ ਸਿੰਘ ਨੇ ਵੀ ਇਸ ਮੁੱਦੇ 'ਤੇ ਹਲਫ਼ਨਾਮਾ ਪੇਸ਼ ਕੀਤਾ। ਇਸ ਰਾਹੀਂ ਪੰਜਾਬ ਸਰਕਾਰ ਨੇ ਅਦਾਲਤ ਨੂੰ ਦੱਸਿਆ ਕਿ ਡੱਲੇਵਾਲ ਨੂੰ ਹਸਪਤਾਲ ਵਿੱਚ ਤਬਦੀਲ ਕਰਨ ਸਮੇਂ ਇਸ ਗੱਲ ਦਾ ਧਿਆਨ ਰੱਖਿਆ ਜਾ ਰਿਹਾ ਹੈ ਕਿ ਉਨ੍ਹਾਂ ਨੂੰ ਕਿਸੇ ਕਿਸਮ ਦੀ ਦਿੱਕਤ ਦਾ ਸਾਹਮਣਾ ਨਾ ਕਰਨਾ ਪਵੇ। ਦੱਸ ਦੇਈਏ ਕਿ ਡੱਲੇਵਾਲ ਹਸਪਤਾਲ ਜਾਣ ਨੂੰ ਤਿਆਰ ਨਹੀਂ ਹਨ। ਸੁਪਰੀਮ ਕੋਰਟ ਨੇ 19 ਦਸੰਬਰ ਨੂੰ ਸੁਣਵਾਈ ਦੌਰਾਨ ਇਰੋਮ ਸ਼ਰਮੀਲਾ ਦਾ ਜ਼ਿਕਰ ਕੀਤਾ ਸੀ।ਪਿਛਲੇ 25 ਦਿਨਾਂ ਤੋਂ ਮਰਨ ਵਰਤ 'ਤੇ ਬੈਠੇ ਕਿਸਾਨ ਆਗੂ ਡੱਲੇਵਾਲ ਦੀ ਵਿਗੜਦੀ ਸਿਹਤ ਦਾ ਸੁਪਰੀਮ ਕੋਰਟ ਨੇ ਨੋਟਿਸ ਲਿਆ ਹੈ। ਵੀਰਵਾਰ 19 ਦਸੰਬਰ 2024 ਨੂੰ ਡੱਲੇਵਾਲ ਦੀ ਸਿਹਤ ਰਿਪੋਰਟ ਸੁਪਰੀਮ ਕੋਰਟ ਵਿੱਚ ਪੇਸ਼ ਕੀਤੀ ਗਈ। ਜਸਟਿਸ ਸੂਰਿਆ ਕਾਂਤ ਅਤੇ ਜਸਟਿਸ ਉੱਜਲ ਭੂਈਆ ਦੀ ਬੈਂਚ ਨੇ ਵੀ ਸ਼ੁੱਕਰਵਾਰ ਨੂੰ ਇਸ ਮਾਮਲੇ ਦੀ ਸੁਣਵਾਈ ਕੀਤੀ। ਡੱਲੇਵਾਲ ਨੂੰ ਤੁਰੰਤ ਹਸਪਤਾਲ ਵਿੱਚ ਤਬਦੀਲ ਕਰਨ ਦੇ ਹੁਕਮ ਦਿੱਤੇ ਹਨ।







BRAMPTON
CASH & CARRY
Importer | Wholesaler | Retailer
CHRISTMAS
&
NEW YEAR
DHAMAAL
SHOPPING KARO TE REGISTER KARKE
PARTICIPATE KARO IN THE LUCKY
DRAW AND WIN EXCITING PRIZES
100 Kennedy Rd S,
Brampton, ON L6W 3E7, Canada
DRAW DATE
31ST DEC.2024
905-230-4800

# ਹੁਣ ਦਿੱਲੀ 'ਚ ਪੰਜਾਬੀ,ਹਿੰਦੀ, ਅੰਗਰੇਜ਼ੀ ਤੇ ਉਰਦੂ ਵਿੱਚ ਲਿਖੇ ਜਾਣਗੇ ਸਾਈਨ ਬੋਰਡ

ਨਵੀਂ ਦਿੱਲੀ, 19 ਦਸੰਬਰ (ਜਸਵਿੰਦਰ ਸਿੰਘ ਬਿੱਟਾ)-ਦਿੱਲੀ ਦੇ ਸੜਕੀ ਚਿੰਨ੍ਹਾਂ, ਦਿਸ਼ਾ-ਨਿਰਦੇਸ਼ਕ ਬੋਰਡਾਂ ਅਤੇ ਇੱਥੋਂ ਤੱਕ ਮੈਟਰੋ ਸਟੇਸ਼ਨਾਂ 'ਤੇ ਲੱਗੇ ਸੰਕੇਤਾਂ 'ਤੇ ਜਲਦੀ ਹੀ ਪੰਜਾਬੀ,ਹਿੰਦੀ,ਅੰਗਰੇਜ਼ੀ,ਅਤੇ ਉਰਦੂ ਭਾਸ਼ਾਵਾਂ ਵਿੱਚ ਜਾਣਕਾਰੀਆਂ ਲਿਖੀਆਂ ਜਾਣਗੀਆਂ। ਇਸ ਕਦਮ ਦਾ ਉਦੇਸ਼ ਭਾਸ਼ਾਈ ਵਿਭਿੰਨਤਾ ਨੂੰ ਉਤਸ਼ਾਹਿਤ ਕਰਨਾ ਅਤੇ ਦਿੱਲੀ ਦੀਆਂ ਅਧਿਕਾਰਿਤ ਭਾਸ਼ਾਵਾਂ ਦਾ ਪ੍ਰਦਰਸ਼ਨ ਕਰਨਾ ਹੈ।

ਦਿੱਲੀ ਸਰਕਾਰ ਦੇ ਅਧੀਨ ਕੰਮ ਕਰਨ ਵਾਲੇ ਨੌਕਰਸ਼ਾਹਾਂ ਨੂੰ ਵੀ ਆਪਣੇ ਦਫ਼ਤਰਾਂ ਦੇ ਬਾਹਰ ਬੋਰਡਾਂ 'ਤੇ ਇਨ੍ਹਾਂ ਚਾਰ ਭਾਸ਼ਾਵਾਂ ਵਿੱਚ ਆਪਣਾ ਨਾਮ ਲਿਖਣਾ ਹੋਵੇਗਾ। ਇਹ ਕਦਮ 'ਦਿੱਲੀ ਸਰਕਾਰੀ ਭਾਸ਼ਾਵਾਂ ਐਕਟ, 2000' ਅਨੁਸਾਰ ਚੁੱਕਿਆ ਗਿਆ ਹੈ ਜੋ ਹਿੰਦੀ ਨੂੰ ਪਹਿਲੀ ਸਰਕਾਰੀ ਭਾਸ਼ਾ ਤੇ ਉਰਦੂ ਤੇ ਪੰਜਾਬੀ ਨੂੰ ਦੂਜੀ ਸਰਕਾਰੀ ਭਾਸ਼ਾਵਾਂ ਵਜੋਂ ਮਾਨਤਾ ਦਿੰਦਾ ਹੈ। ਇਸ ਸਮੇਂ ਦਿੱਲੀ ਵਿੱਚ ਜ਼ਿਆਦਾਤਰ ਸਾਈਨ ਬੋਰਡਾਂ ਅਤੇ ਨੇਮ ਪਲੇਟਾਂ 'ਤੇ ਸਿਰਫ਼ ਹਿੰਦੀ ਅਤੇ ਅੰਗਰੇਜ਼ੀ ਵਿਚ ਹੀ ਜਾਣਕਾਰੀ ਲਿਖੀ ਜਾਂਦੀ ਹੈ। ਕਲਾ, ਸਭਿਆਚਾਰ ਅਤੇ ਭਾਸ਼ਾ ਵਿਭਾਗ ਨੇ 4 ਨਵੰਬਰ ਨੂੰ ਇੱਕ ਆਦੇਸ਼ ਵਿੱਚ ਸਾਰੇ ਵਿਭਾਗਾਂ, ਸਿਵਲ ਸੰਸਥਾਵਾਂ ਅਤੇ ਖੁਦਮੁਖਤਿਆਰ ਅਥਾਰਟੀਆਂ ਨੂੰ ਉਪ ਰਾਜਪਾਲ (ਐੱਲ.ਜੀ) ਵੀਕੇ ਸਕਸੈਨਾ ਦੇ ਨਿਰਦੇਸ਼ਾਂ ਦੀ ਪਾਲਣਾ ਕਰਦੇ ਹੋਏ ਐਕਟ ਦੀ ਪਾਲਣਾ ਨੂੰ ਯਕੀਨੀ ਬਣਾਉਣ ਲਈ ਕਿਹਾ ਸੀ। ਹੁਕਮਾਂ ਵਿੱਚ ਸਪੱਸ਼ਟ ਕੀਤਾ ਗਿਆ ਹੈ ਕਿ ਬੋਰਡਾਂ ਅਤੇ ਚਿੰਨ੍ਹਾਂ 'ਤੇ ਭਾਸ਼ਾ ਦੀ ਤਰਤੀਬ ਪੰਜਾਬੀ,ਹਿੰਦੀ, ਅੰਗਰੇਜ਼ੀ, ਅਤੇ ਉਰਦੂ ਹੋਣੀ ਚਾਹੀਦੀ ਹੈ ਅਤੇ ਸ਼ਬਦਾਂ ਦਾ ਆਕਾਰ ਸਾਰਿਆਂ ਲਈ ਇਕੋ ਜਿਹਾ ਹੋਣਾ ਚਾਹੀਦਾ ਹੈ। ਇੱਕ ਸੀਨੀਅਰ ਅਧਿਕਾਰੀ ਨੇ ਦੱਸਿਆ ਕਿ ਇਹ ਨਿਰਦੇਸ਼ ਮੈਟਰੋ ਸਟੇਸ਼ਨਾਂ, ਹਸਪਤਾਲਾਂ, ਜਨਤਕ ਪਾਰਕਾਂ ਅਤੇ ਹੋਰ ਜਨਤਕ ਥਾਵਾਂ 'ਤੇ ਲਾਗੂ ਹੋਵੇਗਾ। ਕੌਮੀ ਰਾਜਧਾਨੀ ਵਿੱਚ 1,250 ਕਿਲੋਮੀਟਰ ਸੜਕਾਂ ਦੇ ਰੱਖ-ਰਖਾਅ ਕਰਨ ਵਾਲਾ ਲੋਕ ਨਿਰਮਾਣ ਵਿਭਾਗ (ਪੀਡਬਲਿਊਡੀ) ਸੂਚਕਾਂ ਨੂੰ ਅਪਡੇਟ ਕਰਨਾ ਸ਼ੁਰੂ ਕਰੇਗਾ। ਉਪ ਰਾਜਪਾਲ ਦਾ ਇਹ ਨਿਰਦੇਸ਼ ਕੇਂਦਰੀ ਗ੍ਰਹਿ ਮੰਤਰਾਲੇ ਦੇ ਰਾਜ ਭਾਸ਼ਾ ਵਿਭਾਗ ਦੇ 2011 ਦੇ ਹੁਕਮਾਂ ਨਾਲ ਵੀ ਮੇਲ ਖਾਂਦਾ ਹੈ, ਜਿਸ ਤਹਿਤ 'ਏ ਖੇਤਰ' 'ਚ ਪੈਂਦੇ ਸੂਬਿਆਂ ਜਿਵੇਂ ਦਿੱਲੀ, ਬਿਹਾਰ ਅਤੇ ਹਰਿਆਣਾ ਆਦਿ ਨੂੰ ਸਥਾਨਕ ਪੱਤਰ 'ਤੇ ਹੋਰ ਭਾਸ਼ਾਵਾਂ ਦੀ ਤਰਤੀਬ ਨੂੰ ਤੈਅ ਕਰਦਿਆਂ ਜਨਤਕ ਚਿੰਨ੍ਹਾਂ 'ਤੇ ਹਿੰਦੀ ਨੂੰ ਪਹਿਲ ਦੇਣ ਦਾ ਨਿਰਦੇਸ਼ ਦਿੱਤਾ ਗਿਆ ਸੀ।



# ਸਿਗਰਟ ਤੋਂ ਲੈ ਕੇ ਸੈਕਿੰਡ ਹੈਂਡ ਕਾਰ ਤੱਕ ਦੀ ਸਵਾਰੀ ਹੋਵੇਗੀ ਮਹਿੰਗੀ, ਜੀ.ਐਸ.ਟੀ ਬੈਠਕ 'ਚ ਹੋ ਸਕਦਾ ਹੈ ਵੱਡਾ ਫੈਸਲਾ

ਨਵੀਂ ਦਿੱਲੀ, 19 ਦਸੰਬਰ (ਜਸਵਿੰਦਰ ਸਿੰਘ ਬਿੱਟਾ)-ਜੀ.ਐਸ.ਟੀ ਕੌਂਸਲ ਦੀ 55ਵੀਂ ਮੀਟਿੰਗ ਅੱਜ ਤੋਂ ਜੈਸਲਮੇਰ ਵਿੱਚ ਸ਼ੁਰੂ ਹੋ ਗਈ ਹੈ ਅਤੇ ਕੌਂਸਲ ਆਪਣਾ ਫੈਸਲਾ ਕੱਲ੍ਹ ਯਾਨੀ 21 ਦਸੰਬਰ ਨੂੰ ਦੇਵੇਗੀ। ਜੀ.ਐਸ.ਟੀ ਕੌਂਸਲ ਦੀ ਮੀਟਿੰਗ ਪੁਰਾਣੀਆਂ ਕਾਰਾਂ ਅਤੇ ਵਰਤੇ ਗਏ ਇਲੈਕਟ੍ਰਿਕ ਵਾਹਨਾਂ 'ਤੇ ਜੀ.ਐਸ.ਟੀ ਵਧਾਉਣ 'ਤੇ ਵਿਚਾਰ ਕਰ ਰਹੀ ਹੈ। ਇਸ ਤੋਂ ਇਲਾਵਾ ਤੰਬਾਕੂ ਅਤੇ ਸਿਗਰਟ ਵਰਗੇ ਉਤਪਾਦਾਂ 'ਤੇ ਵੀ ਜੀਐਸਟੀ 7% ਤੋਂ 35% ਤੱਕ ਵਧਣ ਦੀ ਉਮੀਦ ਹੈ। ਵਾਹਨਾਂ 'ਤੇ ਜੀਐਸਟੀ 12% ਤੋਂ ਵਧਾ ਕੇ 18% ਕੀਤਾ ਜਾ ਸਕਦਾ ਹੈ। ਕੌਂਸਲ ਦੇ ਇਸ ਫੈਸਲੇ ਨਾਲ ਸੈਕੰਡ ਹੈਂਡ ਵਾਹਨ ਮਹਿੰਗੇ ਹੋ ਜਾਣਗੇ।

ਜੀ.ਐਸ.ਟੀ ਕੌਂਸਲ ਦੀ ਮੀਟਿੰਗ ਵਿੱਚ ਪੁਰਾਣੀਆਂ ਕਾਰਾਂ, ਈ.ਵੀ, ਤੰਬਾਕੂ ਅਤੇ ਸਿਗਰਟ ਉੱਤੇ ਜੀ.ਐਸ.ਟੀ ਵਧਾਉਣ ਬਾਰੇ ਚਰਚਾ ਹੋਵੇਗੀ। ਇਨ੍ਹਾਂ ਤਬਦੀਲੀਆਂ ਦਾ ਸਿੱਧਾ ਅਸਰ ਆਮ ਆਦਮੀ 'ਤੇ ਪਵੇਗਾ ਅਤੇ ਵਾਹਨਾਂ ਦੀਆਂ ਕੀਮਤਾਂ ਵਧਣਗੀਆਂ।

### ਫਿਟਮੈਂਟ ਕਮੇਟੀ ਦਾ ਪ੍ਰਸਤਾਵ

ਜੀ.ਐਸ.ਟੀ ਫਿਟਮੈਂਟ ਕਮੇਟੀ ਨੇ ਪੁਰਾਣੀਆਂ ਕਾਰਾਂ ਅਤੇ ਈ.ਵੀ.ਜ਼ ਉੱਤੇ ਜੀ.ਐਸ.ਟੀ ਵਾਧੇ ਦਾ ਪ੍ਰਸਤਾਵ ਕੀਤਾ ਹੈ। ਵਰਤਮਾਨ ਵਿੱਚ, ਜ਼ਿਆਦਾਤਰ ਪੁਰਾਣੇ ਵਾਹਨਾਂ 'ਤੇ 12% ਜੀ.ਐਸ.ਟੀ ਲਾਗੂ ਹੈ। ਜੇਕਰ ਇਹ ਪ੍ਰਸਤਾਵ ਮਨਜ਼ੂਰ ਹੋ ਜਾਂਦਾ ਹੈ ਤਾਂ ਪੁਰਾਣੇ ਵਾਹਨਾਂ 'ਤੇ ਵੀ 22 ਫੀਸਦੀ ਦਾ ਕੰਪੇਨਸੇਸ਼ਨ ਸੈੱਸ ਲਗਾਇਆ ਜਾਵੇਗਾ।

### ਬੀਮਾ ਪ੍ਰੀਮੀਅਮ ਅਤੇ ਘੜੀਆਂ ਹੋਣਗੀਆਂ ਮਹਿੰਗੀਆਂ



ਮੀਟਿੰਗ ਵਿੱਚ ਜੀਵਨ ਅਤੇ ਸਿਹਤ ਬੀਮਾ ਪ੍ਰੀਮੀਅਮਾਂ 'ਤੇ ਟੈਕਸ ਦਰ ਘਟਾਉਣ, ਮਹਿੰਗੀਆਂ ਘੜੀਆਂ, ਜੁੱਤੀਆਂ ਅਤੇ ਕਪੜਿਆਂ 'ਤੇ ਟੈਕਸ ਦਰ ਵਧਾਉਣ ਅਤੇ ਗੈਰ-ਜ਼ਰੂਰੀ ਵਸਤੂਆਂ 'ਤੇ ਵੱਖਰਾ 35 ਫੀਸਦੀ ਟੈਕਸ ਲਗਾਉਣ 'ਤੇ ਵਿਚਾਰ ਕੀਤਾ ਜਾ ਸਕਦਾ ਹੈ। ਕੇਂਦਰੀ ਵਿੱਤ ਮੰਤਰੀ ਨਿਰਮਲਾ ਸੀਤਾਰਮਨ ਦੀ ਪ੍ਰਧਾਨਗੀ ਹੇਠ ਹੋਈ ਜੀ.ਐਸ.ਟੀ ਕੌਂਸਲ ਦੀ 55ਵੀਂ ਮੀਟਿੰਗ ਵਿੱਚ ਲਗਭਗ 148 ਵਸਤੂਆਂ ਵਿੱਚ ਦਰਾਂ ਵਿੱਚ ਤਬਦੀਲੀਆਂ ਬਾਰੇ ਚਰਚਾ ਹੋਣ ਦੀ ਸੰਭਾਵਨਾ ਹੈ।













# 2025 ਵਿੱਚ ਇਹ ਪੰਜ਼ ਫੈਸਲੇ ਤੈਅ ਕਰਨਗੇ ਭਵਿੱਖ ਦੀ ਦਿਸ਼ਾ

## ਇਸ ਸਾਲ ਵੀ ਇਹ ਮੁੱਦੇ ਚਰਚਾ ਵਿੱਚ ਰਹੇ, ਰਾਜਨੀਤਿਕ ਪਾਰਟੀਆਂ ਨੇ ਜਨਤਾ ਨੂੰ ਭਰਮਾਉਣ ਲਈ ਇਹਨਾਂ ਦਾ ਕਾਫੀ ਇਸਤੇਮਾਲ ਕੀਤਾ

**ਸਾਲ 2024 ਖਤਮ ਹੋਣ ਨੂੰ ਹੈ। ਆਉਣ ਵਾਲੇ ਨਵੇਂ ਸਾਲ ਵਿੱਚ ਅਸੀਂ ਕੁਝ ਵੱਡੇ ਫ਼ੈਸਲਿਆਂ ਦਾ ਇੰਤਜਾਰ ਕਰਾਂਗੇ, ਜਿਹਨਾਂ ਦਾ ਵਪਾਰਕ ਅਸਰ ਦੇਸ਼ ਦੀ ਰਾਜਨੀਤੀ ਅਤੇ ਇਸਦੇ ਆਸਪਾਸ ਤੇ ਪੈਣ ਵਾਲਾ ਹੈ। ਇਸਦੇ ਨਤੀਜੇ ਸਾਲਾਂ ਤੱਕ ਦਿਖਣਗੇ।**



### 1. ਜਨਗਣਨਾ

ਸਾਲ 2025 ਦੀ ਸ਼ੁਰੂਆਤ ਇਕ ਵੱਡੇ ਫੈਸਲੇ ਨਾਲ ਹੋ ਸਕਦੀ ਅਤੇ ਉਹ ਹੈ ਦੇਸ਼ ਵਿੱਚ ਜਨਗਣਨਾ। ਜਨਗਣਨਾ 2021 ਵਿੱਚ ਹੋਣੀ ਸੀ, ਪਰ ਕੋਵਿਡ ਅਤੇ ਹੋਰ ਕਾਰਨਾਂ ਕਰਕੇ ਇਸ ਨੂੰ ਟਾਲਣਾ ਪਿਆ। ਦੇਸ਼ ਵਿੱਚ ਨਵੀਂ ਆਰਥਿਕ ਅਤੇ ਸਮਾਜਿਕ ਨੀਤੀਆਂ ਦਾ ਨਿਰਮਾਣ ਕਰਨ ਦੇ ਲਈ ਜਨਗਣਨਾ ਬਹੁਤ ਜਰੂਰੀ ਹੈ। ਇਹ ਜਨਗਣਨਾ ਇਸ ਲਈ ਵੀ ਮੀਲ ਦਾ ਪੱਥਰ ਸਾਬਤ ਹੋਵੇਗੀ ਕਿਉਂਕਿ ਇਸ ਨਾਲ ਤੈਅ ਹੋਵੇਗਾ ਕਿ ਜਾਤੀਆਂ ਦੀ ਗਣਨਾ ਹੋਵੇਗੀ ਜਾਂ ਨਹੀ। ਵਿਰੋਧੀ ਇਸ ਮੁੱਦੇ ਤੇ ਅੜੇ ਹੋਏ ਹਨ, ਜਦਕਿ ਸਰਕਾਰ ਇਸ ਤੇ ਸਪੱਸ਼ਟ ਰੁਖ਼ ਅਪਣਾਉਣ ਤੋਂ ਬਚ ਰਹੀ ਹੈ। ਇਸਦੇ ਇਲਾਵਾ, ਜਨਗਣਨਾ ਨੂੰ ਐਨ.ਆਰ.ਸੀ ਅਤੇ ਹੋਰ ਮੁੱਦਿਆ ਨਾਲ ਵੀ ਅਪ੍ਰਤੱਖ ਰੂਪ ਨਾਲ ਜੋੜਿਆ ਜਾ ਰਿਹਾ ਹੈ। ਕਿਸੇ ਵੀ ਸੂਰਤ ਵਿੱਚ ਦੇਸ਼ ਵਿੱਚ ਅਗਲੀ ਜਨਗਣਨਾ ਦਾ ਅਸਰ ਕਈ ਸਾਲਾਂ ਤੱਕ ਦਿਖੇਗਾ।

### 2-ਪਰਿਸੀਮਨ

ਸਾਲ 2025 ਵਿੱਚ ਦੇਸ਼ ਵਿੱਚ ਲੋਕ ਸਭਾ ਦੇ ਲਈ ਨਵੇਂ ਸਿਰੇ ਤੋਂ ਪਰਿਸੀਮਨ ਪ੍ਰਕਿਰਿਆ ਸ਼ੁਰੂ ਹੋਣੀ ਹੈ। ਪਰਿਸੀਮਨ ਦੇ ਬਾਅਦ ਲੋਕ ਸਭਾ ਵਿੱਚ ਚੁਣੇ ਜਾਣ ਵਾਲੇ ਸੰਸਦਾਂ ਦੀ ਗਿਣਤੀ ਵਧ ਜਾਵੇਗੀ, ਜਿਸ ਨਾਲ ਚੁਣਾਵੀ ਸਮੀਕਰਣ ਪੂਰੀ ਤਰ੍ਹਾਂ ਬਦਲ ਸਕਦੇ ਹਨ। ਪਰ, ਇਸਦਾ ਦੂਸਰਾ ਪਹਿਲੂ ਵੀ ਹੈ। ਇਸ ਨਾਲ ਵੱਡਾ ਵਿਵਾਦ ਵੀ ਪੈਦਾ ਹੋ ਸਕਦਾ ਹੈ। ਪਰਿਸੀਮਨ ਨਾਲ ਪਹਿਲਾ ਹੀ ਉੱਤਰ ਬਨਾਮ ਦੱਖਣੀ ਭਾਰਤ ਦਾ ਵਿਵਾਦ ਸ਼ੁਰੂ ਹੋ ਚੁੱਕਾ ਹੈ। ਦੱਖਣੀ ਭਾਰਤੀ ਰਾਜਾਂ ਨੂੰ ਪਰਿਸੀਮਨ ਵਿੱਚ ਨੁਕਸਾਨ ਹੋਣ ਦੀ ਸੰਭਾਵਨਾ ਹੈ ਅਤੇ ਉਹ ਇਸਦੇ ਲਈ ਕਾਨੂੰਨੀ ਅਤੇ ਸਿਆਸੀ ਅੰਦੋਲਨ ਦੀ ਰੂਪਰੇਖਾ ਹੁਣ ਤੋਂ ਬਣਾਉਣ ਲੱਗੇ ਹਨ।



ਅਜਿਹੇ ਵਿੱਚ ਪਰਿਸੀਮਨ ਅਤੇ ਇਸਦੇ ਇਰਦ-ਗਿਰਦ ਹੋਣ ਵਾਲੀਆਂ ਘਟਨਾਵਾਂ 2025 ਦੀਆਂ ਸਭ ਤੋਂ ਅਹਿਮ ਖਬਰਾਂ ਹੋ ਸਕਦੀਆਂ ਹਨ ।

### 3-ਇਕ ਦੇਸ਼ ਇਕ ਚੋਣ

ਅਗਲੇ ਸਾਲ 'ਇਕ ਦੇਸ਼, ਇਕ ਚੋਣ ' ਨੂੰ ਲੈ ਕੇ ਵੀ ਵੱਡਾ ਫੈਸਲਾ ਹੋ ਸਕਦਾ ਹੈ। ਇਸ ਸਾਲ ਦੇ ਅੰਤ ਵਿੱਚ ਕੇਂਦਰ ਸਰਕਾਰ ਨੇ ਇਸ ਨਾਲ ਜੁੜੇ ਬਿਲ ਦਾ ਡਰਾਫਟ ਤਿਆਰ ਕਰਕੇ ਉਸਨੂੰ ਸੰਸਦ ਦੇ ਸਾਹਮਣੇ ਪੇਸ਼ ਕੀਤਾ। ਹੁਣ ਅਗਲੇ ਸਾਲ ਇਸ ਤੇ ਦੇਸ਼ ਵਿਆਪੀ ਮੰਥਨ ਦੇ ਬਾਅਦ ਇਸ ਨੂੰ ਕਾਨੂੰਨੀ ਰੂਪ ਦਿੱਤਾ ਜਾ ਸਕਦਾ ਹੈ। ਜੇਕਰ 'ਇਕ ਦੇਸ਼ , ਇਕ ਚੋਣ' ਕਾਨੂੰਨ ਦੇ ਰੂਪ ਵਿੱਚ ਲਾਗੂ ਹੋ ਗਿਆ, ਤਾਂ ਇਸਦਾ ਵੱਡਾ ਅਸਰ ਆਉਣ ਵਾਲੇ ਸਾਲਾਂ ਵਿੱਚ ਦੇਖਿਆ ਜਾ ਸਕਦਾ ਹੈ। ਪੂਰੇ ਦੇਸ਼ ਦੀ ਸਿਆਸਤ ਵਿੱਚ ਇਸ ਕਾਨੂੰਨ ਦੇ ਪ੍ਰਭਾਵ ਨਾਲ ਬਦਲਾਅ ਦੀ ਸੰਭਾਵਨਾ ਹੈ।

### 4-ਫਰੀਬੀਜ਼ ਦਾ ਵਿਸਤਾਰ

ਪਿਛਲੇ ਦੋ-ਤਿੰਨ ਸਾਲਾਂ ਵਿੱਚ ਦੇਸ਼ ਵਿੱਚ ਮੁਫ਼ਤ ਦੀਆਂ ਕਲਿਆਣਕਾਰੀ ਯੋਜਨਾਵਾਂ (ਫਰੀਬਿਜ਼) ਦਾ ਆਕ੍ਰਮਕ ਰੂਪ ਨਾਲ ਵਿਸਤਾਰ ਦੇਖਿਆ ਗਿਆ ਹੈ। ਮੱਧ ਪ੍ਰਦੇਸ਼, ਮਹਾਰਾਸ਼ਟਰ ਅਤੇ ਝਾਰਖੰਡ ਵਰਗੇ ਰਾਜਾਂ ਵਿੱਚ ਚੁਣਾਵੀ ਲਾਭ ਮਿਲਣ ਦੇ ਬਾਅਦ ਹੁਣ ਆਉਣ ਵਾਲੇ ਸਾਲ (2025) ਨੂੰ ਇਹਨਾਂ ਯੋਜਨਾਵਾਂ ਦੇ ਲਈ ਮੇਕ ਜਾਂ ਬ੍ਰੇਕ ਸਾਲ ਮੰਨਿਆ ਜਾ ਰਿਹਾ ਹੈ। ਕੀ ਹੁਣ ਅਜਿਹੀਆਂ ਯੋਜਨਾਵਾਂ ਹਰ ਰਾਜ ਵਿੱਚ ਲਾਗੂ ਹੋਣਗੀਆਂ ? ਕੀ ਕੇਂਦਰ ਸਰਕਾਰ ਵੀ ਇਹਨਾਂ ਯੋਜਨਾਵਾਂ ਦੇ ਦਬਾਅ ਵਿੱਚ ਆਵੇਗੀ ? ਕੀ ਚੋਣ ਵਿੱਚ ਜਿੱਤ ਦੀ ਗਾਰੰਟੀ ਅਜਿਹੀਆਂ ਯੋਜਨਾਵਾਂ ਨਾਲ ਮਿਲਣ ਵਾਲੀ ਹੈ ? ਇਹਨਾਂ ਸਾਰੇ ਸਵਾਲਾਂ ਦਾ ਜਵਾਬ 2025 ਵਿੱਚ ਮਿਲੇਗਾ । ਜੋ ਵੀ ਫੈਸਲਾ ਹੋਵੇਗਾ, ਉਹ ਦੇਸ਼ ਦੀ ਆਰਥਿਕ ਨੀਤੀ ਨੂੰ ਤੈਅ ਕਰੇਗਾ।

### 5-ਵਕਫ਼ ਤੇ ਨਵਾਂ ਕਾਨੂੰਨ




ਅਗਲੇ ਸਾਲ ਵਕਫ਼ ਬੋਰਡ ਨੂੰ ਲੈ ਕੇ ਸੰਸਦ ਵਿੱਚ ਨਵਾਂ ਕਾਨੂੰਨ ਪਾਸ ਹੋ ਸਕਦਾ ਹੈ। ਹਾਲਾਂਕਿ, ਕੇਂਦਰ ਸਰਕਾਰ ਨੇ ਇਸ ਸਾਲ ਇਸ ਨਾਲ ਜੁੜੇ ਬਿਲ ਨੂੰ ਪਾਸ ਕਰਵਾਉਣ ਦੀ ਕੋਸ਼ਿਸ਼ ਕੀਤੀ ਸੀ, ਪਰ ਵਿਰੋਧੀ ਅਤੇ ਸਹਿਯੋਗੀ ਦਲਾਂ ਦੇ ਦਬਾਅ ਦੇ ਬਾਅਦ ਇਸ ਨੂੰ ਜੇ.ਪੀ.ਸੀ ਦੇ ਕੋਲ ਭੇਜ ਦਿੱਤਾ ਗਿਆ। ਹੁਣ ਐਨ.ਡੀ.ਏ ਸਰਕਾਰ ਕਿਸੇ ਵੀ ਸੂਰਤ ਵਿੱਚ ਸਾਲ ਦੀ ਸ਼ੁਰੂਆਤ ਵਿੱਚ ਕਾਨੂੰਨ ਵਿੱਚ ਬਦਲਾਅ ਨੂੰ ਮਨਜ਼ੂਰੀ ਦੇਣਾ ਚਾਹੁੰਦੀ ਹੈ। ਜੇਕਰ ਇਹ ਕਾਨੂੰਨ ਪਾਸ ਹੋਇਆ, ਤਾਂ ਇਸਦੇ ਵਿਆਪਕ ਪ੍ਰਭਾਵ ਹੋਣਗੇ ਅਤੇ ਪੂਰੇ ਦੇਸ਼ ਵਿੱਚ ਇਸਦਾ ਅਸਰ ਦੇਖਿਆ ਜਾ ਸਕਦਾ ਹੈ। ਵਕਫ਼ ਦੀ ਸੰਪਤੀ ਨੂੰ ਲੈ ਕੇ ਕਈ ਮਸਲੇ ਸਾਹਮਣੇ ਆ ਸਕਦੇ ਹਨ, ਜਿਸਦਾ ਅਸਰ ਰਾਜਨੀਤੀ ਤੇ ਵੀ ਪਵੇਗਾ।




## ਜੰਗਲਾਂ 'ਚੋਂ ਮਿਲੀ ਲਾਵਾਰਿਸ ਗੱਡੀ 'ਚੋਂ ਮਿਲਿਆ 52 ਕਿਲੋ ਸੋਨਾ ਤੇ 15 ਕਰੋੜ ਕੈਸ਼,ਕੌਣ ਹੈ ਇਸ ਦਾ ਮਾਲਕ ?

ਭੋਪਾਲ:20 ਦਸੰਬਰ (ਵਿਸ਼ਵ ਪੰਜਾਬੀ ਸਾਂਝ ਕੈਨੇਡਾ)-ਮੱਧ ਪ੍ਰਦੇਸ਼ ਦੀ ਰਾਜਧਾਨੀ ਭੋਪਾਲ ਤੋਂ ਹੈਰਾਨ ਕਰਨ ਵਾਲੀ ਖਬਰ ਹੈ। ਇੱਥੇ ਲੋਕਾਯੁਕਤ ਨੇ ਖੇਤਰੀ ਟਰਾਂਸਪੋਰਟ ਦਫ਼ਤਰ (ਆਰ.ਟੀ.ਓ) ਦੇ ਸਾਬਕਾ ਕਾਂਸਟੇਬਲ ਸੌਰਭ ਸ਼ਰਮਾ ਦੇ ਘਰ ਛਾਪਾ ਮਾਰਿਆ। ਇਸ ਛਾਪੇਮਾਰੀ ਵਿੱਚ ਟੀਮ ਨੇ ਸ਼ਰਮਾ ਦੇ ਠਿਕਾਣਿਆਂ ਤੋਂ ਕਰੋੜਾਂ ਰੁਪਏ ਦੀ ਨਕਦੀ ਅਤੇ ਭਾਰੀ ਮਾਤਰਾ ਵਿੱਚ ਸੋਨਾ-ਚਾਂਦੀ ਬਰਾਮਦ ਕੀਤਾ ਹੈ। ਸੂਤਰਾਂ ਮੁਤਾਬਕ ਹੁਣ ਸੌਰਭ ਸ਼ਰਮਾ ਦੇ ਲਿੰਕ ਕਿਸੇ ਹੋਰ ਮਾਮਲੇ ਨਾਲ ਜੁੜੇ ਜਾਪਦੇ ਹਨ। ਸੂਤਰਾਂ ਦਾ ਕਹਿਣਾ ਹੈ ਕਿ ਲੋਕਾਯੁਕਤ ਟੀਮ ਦੀ ਜਾਂਚ ਤੋਂ ਇਲਾਵਾ ਇਨਕਮ ਟੈਕਸ ਨੇ ਇਕ ਵਾਹਨ 'ਚੋਂ 52 ਕਿਲੋ ਸੋਨਾ ਅਤੇ 15 ਕਰੋੜ ਰੁਪਏ ਦੀ ਨਕਦੀ ਬਰਾਮਦ ਕੀਤੀ ਹੈ। ਇਸ ਸੋਨੇ ਦੀ ਕੀਮਤ 40 ਕਰੋੜ 47 ਲੱਖ ਰੁਪਏ ਦੱਸੀ ਜਾ ਰਹੀ ਹੈ। ਇਹ ਗੱਡੀ ਮੇਂਡੋਰਾ ਦੇ ਜੰਗਲਾਂ ਵਿੱਚ ਛੱਡੀ ਹੋਈ ਮਿਲੀ। ਇਸ ਗੱਡੀ ਦਾ ਰਜਿਸਟਰੇਸ਼ਨ ਨੰਬਰ ਗਵਾਲੀਅਰ ਦਾ ਹੈ। ਇਸ ਦੇ ਮਾਲਕ ਦਾ ਨਾਂ ਚੇਤਨ ਗੌੜ ਦੱਸਿਆ ਜਾ ਰਿਹਾ ਹੈ। ਇਸ ਗੱਡੀ ਦਾ ਪਤਾ ਲੱਗਣ ਤੋਂ ਬਾਅਦ ਹੜਕੰਪ ਮਚ ਗਿਆ ਹੈ।





# ਧਰਤੀ 'ਤੇ ਪੈਦਾ ਕੀਤੀ ਜਾਵੇਗੀ ਸੂਰਜ ਵਰਗੀ ਕਦੇ ਨਾ ਖ਼ਤਮ ਹੋਣ ਵਾਲੀ ਊਰਜਾ, ਅਮਰੀਕਾ ਬਣਾ ਰਿਹਾ ਨਿਊਕਲੀਅਰ ਫਿਊਜ਼ਨ ਪਲਾਨ

ਅਮਰੀਕਾ 20 ਦਸੰਬਰ (ਵਿਸ਼ਵ ਪੰਜਾਬੀ ਸਾਂਝ ਕੈਨੇਡਾ)-ਅਸੀਂ ਸੂਰਜੀ ਊਰਜਾ ਅਤੇ ਪਰਮਾਣੂ ਊਰਜਾ ਬਾਰੇ ਬਹੁਤ ਕੁਝ ਦੇਖਿਆ ਅਤੇ ਸੁਣਿਆ ਹੋਵੇਗਾ, ਪਰ ਜਲਦੀ ਹੀ ਦੁਨੀਆ ਵਿੱਚ ਬਿਜਲੀ ਪੈਦਾ ਕਰਨ ਲਈ ਹਾਈਡਰੋਜਨ ਆਧਾਰਿਤ ਊਰਜਾ ਦੀ ਵਰਤੋਂ ਹੋਣ ਜਾ ਰਹੀ ਹੈ। ਜੇਕਰ ਸਭ ਕੁਝ ਯੋਜਨਾ ਅਨੁਸਾਰ ਚੱਲਦਾ ਹੈ, ਤਾਂ ਅਮਰੀਕਾ ਕੋਲ ਦੁਨੀਆ ਦਾ ਪਹਿਲਾ ਗਰਿੱਡ-ਸਕੇਲ ਪ੍ਰਮਾਣੂ ਫਿਊਜ਼ਨ ਪਾਵਰ ਪਲਾਂਟ ਹੋਵੇਗਾ। ਜੇਕਰ ਇਹ ਯੋਜਨਾ ਸਫਲ ਹੋ ਜਾਂਦੀ ਹੈ ਤਾਂ ਭਵਿੱਖ 'ਚ ਦੁਨੀਆ 'ਚ ਬਿਜਲੀ ਦੀ ਕੋਈ ਕਮੀ ਨਹੀਂ ਰਹੇਗੀ। ਤੁਹਾਨੂੰ ਦੱਸ ਦੇਈਏ ਕਿ ਹਾਈਡਰੋਜਨ ਆਧਾਰਿਤ ਊਰਜਾ ਇੱਕ ਸਾਫ਼ ਊਰਜਾ ਹੈ। ਇਹ ਪਲਾਂਟ ਉਸੇ ਤਕਨੀਕ ਦੀ ਵਰਤੋਂ ਕਰਕੇ ਬਿਜਲੀ ਪੈਦਾ ਕਰਨ ਜਾ ਰਿਹਾ ਹੈ ਜਿਸ ਨਾਲ ਸੂਰਜ ਦੁਨੀਆ ਨੂੰ ਰੌਸ਼ਨ ਕਰਨ ਲਈ ਊਰਜਾ ਪੈਦਾ ਕਰਦਾ ਹੈ। ਮੰਨਿਆ ਜਾ ਰਿਹਾ ਹੈ ਕਿ ਇਸ ਦਾ ਕੰਮ ਸਾਲ 2030 ਤੱਕ ਪੂਰਾ ਹੋ ਜਾਵੇਗਾ। ਜੇਕਰ ਅਜਿਹਾ ਹੁੰਦਾ ਹੈ, ਤਾਂ ਇਹ ਪਲਾਂਟ ਕਾਰਬਨ ਦਾ ਨਿਕਾਸ ਕੀਤੇ ਬਿਨਾਂ ਦਹਾਕਿਆਂ ਤੱਕ ਲੋਕਾਂ ਲਈ ਬਿਜਲੀ ਪੈਦਾ ਕਰ ਸਕੇਗਾ। ਫਿਲਹਾਲ ਇਸ ਪਲਾਂਟ ਤੋਂ 400 ਮੈਗਾਵਾਟ ਬਿਜਲੀ ਪੈਦਾ ਕਰਨ ਦੀ ਯੋਜਨਾ ਹੈ, ਜਿਸ ਨਾਲ ਕਰੀਬ 1.5 ਲੱਖ ਘਰਾਂ ਨੂੰ ਰੌਸ਼ਨੀ ਮਿਲੇਗੀ। ਕਾਮਨਵੈਲਥ ਫਿਊਜ਼ਨ ਸਿਸਟਮਜ਼ ਨਾਮ ਦੀ ਇੱਕ ਸਟਾਰਟਅਪ ਕੰਪਨੀ ਇਸ ਸਵੱਛ ਊਰਜਾ ਪ੍ਰੋਜੈਕਟ 'ਤੇ ਕੰਮ ਕਰ ਰਹੀ ਹੈ। CFS ਅਤੇ ਰਿਚਮੰਡ, ਸਭ ਤੋਂ ਵੱਡੀ ਅਤੇ ਸਭ ਤੋਂ ਮਸ਼ਹੂਰ ਪਰਮਾਣੂ ਫਿਊਜ਼ਨ ਕੰਪਨੀਆਂ ਵਿੱਚੋਂ ਇੱਕ, ਇਸ ਦੇ ਨਿਰਮਾਣ ਵਿੱਚ ਕਈ ਬਿਲੀਅਨ ਡਾਲਰਾਂ ਦਾ ਨਿਵੇਸ਼ ਕਰ ਰਹੀਆਂ ਹਨ।

### ਪਰਮਾਣੂ ਫਿਊਜ਼ਨ ਊਰਜਾ ਕਿਵੇਂ ਕੰਮ ਕਰਦੀ ਹੈ ?

ਜੇਕਰ ਸਧਾਰਨ ਸ਼ਬਦਾਂ ਵਿੱਚ ਸਮਝਿਆ ਜਾਵੇ ਤਾਂ ਨਿਊਕਲੀਅਰ ਫਿਊਜ਼ਨ ਊਰਜਾ ਉਹ ਊਰਜਾ ਹੈ ਜੋ ਨਿਊਕਲੀਅਰ ਫਿਊਜ਼ ਪ੍ਰਤੀਕ੍ਰਿਆ ਦੁਆਰਾ ਪੈਦਾ ਹੁੰਦੀ ਹੈ। ਪਰਮਾਣੂ ਊਰਜਾ ਵਿੱਚ, ਇੱਕ ਪਾਸੇ ਅਣੂ ਆਪਸ ਵਿੱਚ ਟੁੱਟ ਜਾਂਦੇ ਹਨ, ਜਿਸ ਕਾਰਨ ਊਰਜਾ ਪੈਦਾ ਹੁੰਦੀ ਹੈ। ਇਸ ਦੇ ਨਾਲ ਹੀ ਹਾਈਡਰੋਜਨ ਊਰਜਾ ਵਿੱਚ ਅਣੂ ਆਪਸ ਵਿੱਚ ਜੁੜ ਜਾਂਦੇ ਹਨ, ਜਿਸ ਕਾਰਨ ਊਰਜਾ ਪੈਦਾ ਹੁੰਦੀ ਹੈ। ਇਹ ਅਣੂ ਫਿਰ ਟੁੱਟ ਜਾਂਦੇ ਹਨ ਅਤੇ ਬਾਅਦ ਵਿੱਚ ਜੁੜ ਜਾਂਦੇ ਹਨ। ਇਸ ਨਾਲ ਵਾਰ-ਵਾਰਊਰਜਾ ਪੈਦਾ ਹੁੰਦੀ ਹੈ। ਇਸ ਨੂੰ ਸਾਫ਼ ਊਰਜਾ ਮੰਨਿਆ ਜਾਂਦਾ ਹੈ।

# ਅਮਰੀਕਾ ਦੇ ਕਈ ਸਰਕਾਰੀ ਦਫਤਰ ਹੋਣਗੇ ਬੰਦ! ਤਨਖਾਹ ਲਈ ਪੈਸੇ ਨਹੀਂ, US 'ਤੇ ਮੰਡਰਾ ਰਿਹਾ Shutdown ਦਾ ਖਤਰਾ

ਅਮਰੀਕਾ 20 ਦਸੰਬਰ (ਵਿਸ਼ਵ ਪੰਜਾਬੀ ਸਾਂਝ ਕੈਨੇਡਾ)-ਅਮਰੀਕਾ ਇਸ ਸਮੇਂ ਗੰਭੀਰ ਆਰਥਿਕ ਸੰਕਟ ਦਾ ਸਾਹਮਣਾ ਕਰ ਰਿਹਾ ਹੈ। ਦੇਸ਼ ਕੋਲ ਇੰਨਾ ਪੈਸਾ ਨਹੀਂ ਹੈ ਕਿ ਉਹ ਆਪਣੇ ਸਰਕਾਰੀ ਕਰਮਚਾਰੀਆਂ ਨੂੰ ਤਨਖਾਹ ਦੇ ਸਕੇ, ਜਿਸ ਕਰਕੇ ਹੁਣ ਸਥਿਤੀ ਬੰਦ ਹੋਣ ਦੇ ਨੇੜੇ ਹੈ। ਫੰਡ ਜੁਟਾਉਣ ਲਈ ਵੀਰਵਾਰ ਯਾਨੀਕਿ 19 ਦਸੰਬਰ ਦੀ ਰਾਤ ਨੂੰ ਅਮਰੀਕੀ ਸੰਸਦ 'ਚ ਇਕ ਬਿੱਲ ਪੇਸ਼ ਕੀਤਾ ਗਿਆ, ਜਿਸ ਨੂੰ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਸਮਰਥਨ ਦਿੱਤਾ। ਹਾਲਾਂਕਿ ਇਹ ਬਿੱਲ ਸੰਸਦ ਵਿੱਚ ਅਸਫਲ ਰਿਹਾ।ਬੰਦ ਨੂੰ ਰੋਕਣ ਦੇ ਉਦੇਸ਼ ਨਾਲ ਵੀਰਵਾਰ ਰਾਤ ਨੂੰ ਸੰਸਦ ਵਿੱਚ ਇੱਕ ਬਿੱਲ ਪੇਸ਼ ਕੀਤਾ ਗਿਆ ਸੀ। ਇਸ ਪ੍ਰਸਤਾਵਿਤ ਬਿੱਲ ਦਾ ਟਰੰਪ ਨੇ ਸਮਰਥਨ ਕੀਤਾ ਸੀ। ਹਾਲਾਂਕਿ ਵਿਰੋਧੀ ਡੈਮੋਕਰੇਟਸ ਨੇ ਇਸ ਦਾ ਸਖ਼ਤ ਵਿਰੋਧ ਕੀਤਾ ਅਤੇ ਇਸ ਨੂੰ ਰੱਦ ਕਰ ਦਿੱਤਾ। ਡੈਮੋਕਰੇਟਸ ਟਰੰਪ ਦੇ ਕਾਰਜਕਾਲ ਦੇ ਪਹਿਲੇ ਸਾਲ 'ਚ ਕੋਈ ਸਿਆਸੀ ਫਾਇਦਾ ਨਹੀਂ ਦੇਣਾ ਚਾਹੁੰਦੇ ਸਨ, ਜਿਸ ਕਾਰਨ ਉਨ੍ਹਾਂ ਨੇ ਇਸ ਬਿੱਲ ਦਾ ਵਿਰੋਧ ਕੀਤਾ ਸੀ।ਟਰੰਪ ਦੀ ਪਾਰਟੀ ਵਿੱਚ ਵੀ ਵਿਰੋਧ ਹੈ ਇਸ ਬਿੱਲ ਦਾ ਨਾ ਸਿਰਫ਼ ਡੈਮੋਕ੍ਰੇਟਸ, ਸਗੋਂ ਟਰੰਪ ਦੀ ਰਿਪਬਲਿਕਨ ਪਾਰਟੀ ਦੇ ਕੁਝ ਸੰਸਦ ਮੈਂਬਰਾਂ ਨੇ ਵੀ ਵਿਰੋਧ ਕੀਤਾ ਸੀ। ਇਸ ਬਿੱਲ ਨੂੰ ਸੰਸਦ ਵਿੱਚ 174-235ਦੇ ਫਰਕ ਨਾਲ ਰੱਦ ਕਰ ਦਿੱਤਾ ਗਿਆ। ਇੱਥੋਂ ਤੱਕ ਕਿ ਰਿਪਬਲਿਕਨ ਪਾਰਟੀ ਦੇ 38 ਸੰਸਦ ਮੈਂਬਰਾਂ ਨੇ ਵੀ ਇਸ ਦੇ ਖਿਲਾਫ ਵੋਟ ਕੀਤਾ।

### ਬਿੱਲ ਪਾਸ ਕਰਨਾ ਕਿਉਂ ਜ਼ਰੂਰੀ ਹੈ ?



ਅਮਰੀਕਾ ਨੂੰ ਆਪਣੇ ਖਰਚਿਆਂ ਨੂੰ ਪੂਰਾ ਕਰਨ ਲਈ ਫੰਡਾਂ ਦੀ ਲੋੜ ਹੈ। ਇਹ ਫੰਡ ਕਰਜ਼ੇ ਰਾਹੀਂ ਇਕੱਠਾ ਕੀਤਾ ਜਾਂਦਾ ਹੈ, ਜਿਸ ਲਈ ਸੰਸਦ ਵਿੱਚ ਇੱਕ ਬਿੱਲ ਪਾਸ ਕੀਤਾ ਜਾਂਦਾ ਹੈ। ਇਸ ਵਾਰ ਪ੍ਰਸਤਾਵਿਤ ਬਿੱਲ ਨੂੰ ਟਰੰਪ ਦੇ ਸਮਰਥਨ ਨਾਲ ਪੇਸ਼ ਕੀਤਾ ਗਿਆ ਸੀ, ਪਰ ਇਹ ਪਾਸ ਨਹੀਂ ਹੋ ਸਕਿਆ। ਇਸ ਦਾ ਮਤਲਬ ਹੈ ਕਿ ਅਮਰੀਕੀ ਸਰਕਾਰ ਆਪਣੇ ਖਰਚਿਆਂ ਲਈ ਲੋੜੀਂਦੇ ਫੰਡ ਹਾਸਲ ਨਹੀਂ ਕਰ ਸਕੇਗੀ। ਸਰਕਾਰ ਇਸ ਫੰਡ ਵਿੱਚੋਂ ਸਰਕਾਰੀ ਮੁਲਾਜ਼ਮਾਂ ਦੀਆਂ ਤਨਖਾਹਾਂ ਅਤੇ ਹੋਰ ਪ੍ਰਬੰਧਕੀ ਖਰਚੇ ਪੂਰੇ ਕਰਦੀ ਹੈ। ਜੇਕਰ ਬਿੱਲ ਪਾਸ ਨਾ ਹੋਇਆ ਤਾਂ ਸਰਕਾਰੀ ਕੰਮਕਾਜ ਠੱਪ ਹੋ ਜਾਵੇਗਾ ਅਤੇ ਬੰਦ ਦੀ ਸਥਿਤੀ ਪੈਦਾ ਹੋ ਜਾਵੇਗੀ।

### ਬੰਦ ਕਰਨ ਦੀ ਧਮਕੀ ਅਤੇ ਸਮਾਂ ਸੀਮਾ

ਸਰਕਾਰ ਕੋਲ ਬੰਦ ਨੂੰ ਰੋਕਣ ਲਈ ਸ਼ੁੱਕਰਵਾਰ ਰਾਤ ਤੱਕ ਦਾ ਸਮਾਂ ਹੈ। ਜੇਕਰ ਇਹ ਬਿੱਲ ਸਮੇਂ ਸਿਰ ਪਾਸ ਨਾ ਹੋਇਆ ਤਾਂ ਅਮਰੀਕਾ ਵਿੱਚ ਬੰਦ ਦਾ ਐਲਾਨ ਕੀਤਾ ਜਾਵੇਗਾ। ਇਸ ਦਾ ਸਿੱਧਾ ਅਸਰ ਅਮਰੀਕੀ ਅਰਥਵਿਵਸਥਾ ਅਤੇ ਪ੍ਰਸ਼ਾਸਨ 'ਤੇ ਪਵੇਗਾ।

ਜ਼ਰੂਰੀ ਸੂਚਨਾਂ
ਵਿਸ਼ਵ ਪੰਜਾਬੀ ਸਭਾ ਕੈਨੇਡਾ ਵੱਲੋਂ ਆਪਣਾ ਰੋਜ਼ਾਨਾ ਅਖ਼ਬਾਰ ਸ਼ੁਰੂ ਕੀਤਾ ਗਿਆ ਹੈ,ਜਿਸ ਦਾ ਨਾਮ 'ਵਿਸਵ ਪੰਜਾਬੀ ਸਾਂਝ'ਰੱਖਿਆ ਗਿਆ ਹੈ। ਤੁਸੀ ਆਪਣੀਆਂ ਰਚਨਾਵਾਂ/ਕਹਾਣੀ/ ਲੇਖ ਜਾਂ ਸਾਹਿਤਕ ਕਿਰਤ ਛੱਪਣ ਲਈ ਭੇਜ ਸਕਦੇ ਹੋ।
ਲਿਖਤਾਂ ਭੇਜਣ ਲਈ ਈਮੇਲ ਪਤਾ
vishavPunjabisanjh@gmail.com
ਲੇਖਕ ਆਪਣਾ ਨਾਮ ਫੋਨ ਨੰਬਰ ਅਤੇ ਫੋਟੋ ਵੀ ਜਰੂਰ ਭੇਜਣ ਦੀ ਕ੍ਰਿਪਾਲਤਾ ਕਰੋਂ
ਨੋਟ : ਅਖ਼ਬਾਰ ਵਿੱਚ ਭੇਜੀਆ ਰਚਨਾਵਾਂ ਜਾਂ ਸਮੱਗਰੀ ਸਾਹਿਤਕ ਅਤੇ ਸੱਭਿਅਕ ਹੋਵੇ ਸਮਾਜ ਨੂੰ ਸੇਧ ਦੇਣ ਵਾਲੀ ਹੋਵੇ।
ਅਖ਼ਬਾਰ ਵਿੱਚ ਸ਼ਾਮਿਲ ਲਿਖਤਾਂ ਤੇ ਵਿਚਾਰਾਂ ਲਈ ਲੇਖਕ ਖੁਦ ਜਿੰਮੇਵਾਰ ਹੈ। ਇਸ ਨਾਲ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

# ਗਿਆਨੀ ਹਰਪ੍ਰੀਤ ਸਿੰਘ ਖਿਲਾਫ ਐਕਸ਼ਨ ਮਗਰੋਂ ਪੰਥਕ ਧਿਰਾਂ ਅੰਦਰ ਭੂਚਾਲ, ਤਖ਼ਤ ਸ੍ਰੀ ਦਮਦਮਾ ਸਾਹਿਬ 'ਤੇ ਵੱਡਾ ਇਕੱਠ ਬੁਲਾਉਣ ਦਾ ਐਲਾਨ

ਬਠਿੰਡਾ ,20 ਦਸੰਬਰ (ਵਿਸ਼ਵ ਪੰਜਾਬੀ ਸਾਂਝ ਕੈਨੇਡਾ)-ਤਖਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਦੀਆਂ ਸੇਵਾਵਾਂ ਮੁਅੱਤਲ ਕਰਨ ਮਗਰੋਂ ਪੰਥਕ ਸਿਆਸਤ ਮੁੜ ਗਰਮਾ ਗਈ ਹੈ। ਇਸ ਫੈਸਲੇ ਨਾਲ ਸ੍ਰੋਮਣੀ ਅਕਾਲੀ ਦਲ ਤੇ ਸ੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਫਿਰ ਕਸੂਤੀ ਘਿਰ ਗਈ ਹੈ। ਕਈ ਪੰਥਕ ਧਿਰਾਂ ਸਵਾਲ ਉਠਾ ਰਹੀਆਂ ਹਨ ਕਿ ਅਕਾਲੀ ਲੀਡਰਾਂ ਦੀਆਂ ਪੰਥ ਵਿਰੋਧੀ ਕਾਰਵਾਈਆਂ ਖਿਲਾਫ ਡਟਣ ਦੀ ਹੀ ਗਿਆਨੀ ਹਰਪ੍ਰੀਤ ਸਿੰਘ ਨੂੰ ਸਜ਼ਾ ਦਿੱਤੀ ਜਾ ਰਹੀ ਹੈ।

ਉਧਰ, ਸ੍ਰੋਮਣੀ ਅਕਾਲੀ ਦਲ ਸੁਧਾਰ ਲਹਿਰ ਨਾਲ ਸਬੰਧਤ ਰਹੇ ਸੀਨੀਅਰ ਅਕਾਲੀ ਆਗੂਆਂ ਨੇ ਗਿਆਨੀ ਹਰਪ੍ਰੀਤ ਸਿੰਘ ਖਿਲਾਫ ਸਾਜ਼ਿਸ਼ ਦੇ ਵਿਰੋਧ ਵਿੱਚ ਵੱਡਾ ਇਕੱਠ ਸੱਦਣ ਦਾ ਫ਼ੈਸਲਾ ਕੀਤਾ ਹੈ। ਉਨ੍ਹਾਂ ਬਿਆਨ ਜਾਰੀ ਕਰਕੇ ਕਿਹਾ ਹੈ ਕਿ ਜਿਸ ਤਰੀਕੇ ਨਾਲ ਬੇਬੁਨਿਆਦ ਇਲਜ਼ਾਮ ਲਾ ਕੇ ਗੁਰਮਤਿ ਮਰਯਾਦਾ ਨੂੰ ਛਿੱਕੇ ਟੰਗ ਕੇ ਗਿਆਨੀ ਹਰਪ੍ਰੀਤ ਸਿੰਘ ਨੂੰ ਜ਼ਲੀਲ ਕਰਕੇ ਸੇਵਾ ਵਾਪਸ ਲਈ ਗਈ, ਉਸ ਨੇ ਸਿੱਖ ਕੌਮ ਦੀਆਂ ਸੰਸਥਾਵਾਂ ਦੀ ਭਰੋਸੇਯੋਗਤਾ, ਵਿਸ਼ਵਾਸ ਨੂੰ ਢਾਹ ਲਗਾਈ ਹੈ।

ਬਾਗੀ ਧੜੇ ਦੇ ਅਕਾਲੀ ਆਗੂਆਂ ਨੇ ਕਿਹਾ ਕਿ ਅਗਲੇ ਦਿਨਾਂ ਦੌਰਾਨ ਤਖ਼ਤ ਸ੍ਰੀ ਦਮਦਮਾ ਸਾਹਿਬ 'ਤੇ ਵੱਡਾ ਇਕੱਠ ਕਰਕੇ ਸਾਰੀਆਂ ਪੰਥਕ ਧਿਰਾਂ ਨੂੰ ਨਾਲ ਲੈ ਕੇ ਇਸ ਸਾਜਿਸ਼ ਖਿਲਾਫ ਮੋਰਚਾਬੰਦੀ ਕੀਤੀ ਜਾਵੇਗੀ। ਜਥੇਦਾਰ ਗੁਰਪ੍ਰਤਾਪ ਸਿੰਘ ਵਡਾਲਾ, ਐਸ.ਜੀਪੀ.ਸੀ ਦੀ ਸਾਬਕਾ ਪ੍ਰਧਾਨ ਬੀਬੀ ਜਗੀਰ ਕੌਰ, ਸਾਬਕਾ ਮੰਤਰੀ ਸੁਰਜੀਤ ਸਿੰਘ ਰੱਖੜਾ ਤੇ ਪਰਮਿੰਦਰ ਸਿੰਘ ਢੀਂਡਸਾ, ਸਾਬਕਾ ਸੰਸਦ ਮੈਂਬਰ ਪ੍ਰੇਮ ਸਿੰਘ ਚੰਦੂਮਾਜਰਾ, ਸੁੱਚਾ ਸਿੰਘ ਛੋਟੇਪੁਰ, ਸੰਤਾ ਸਿੰਘ ਉਮੈਦਪੁਰੀ, ਬੀਬੀ ਪਰਮਜੀਤ ਕੌਰ ਲਾਂਡਰਾਂ ਨੇ ਸਾਂਝੇ ਤੌਰ 'ਤੇ ਕਿਹਾ ਕਿ ਇਸ ਸਾਜ਼ਿਸ਼ ਲਈ ਕੌਮ ਕਦੇ ਮੁਆਫ਼ ਨਹੀਂ ਕਰੇਗੀ।

ਸਿੱਖ ਆਗੂਆਂ ਨੇ ਕਿਹਾ ਕਿ ਕੌਮ ਨੂੰ ਢਾਅ ਲਗਾਉਣ ਵਾਲਿਆਂ ਅਤੇ ਪੰਥਕ ਦੋਖੀਆਂ ਦੀ ਕਤਾਰ ਵਿੱਚ ਸ਼ਾਮਲ ਸਾਜ਼ਿਸ਼ ਘਾੜਿਆਂ ਨੂੰ ਸੰਗਤ ਪਛਾਣ ਚੁੱਕੀ ਹੈ। ਉਨ੍ਹਾਂ ਦੋਸ਼ ਲਾਇਆ ਕਿ ਸ੍ਰੋਮਣੀ ਅਕਾਲੀ ਦਲ ਦੇ ਸੁਖਬੀਰ ਧੜੇ ਨੇ ਆਪਣੇ ਅਸਤੀਫ਼ਿਆਂ ਨੂੰ ਲਮਕਾਉਣ, ਮਨਮਰਜ਼ੀ ਨਾਲ ਹੁਕਮਨਾਮੇ ਵਿੱਚ ਤਬਦੀਲੀ ਕਰਵਾਉਣ ਅਤੇ ਤਖ਼ਤ ਸਾਹਿਬ ਤੋਂ ਬਣੀ ਕਮੇਟੀ ਨੂੰ ਦਰਕਿਨਾਰ ਕਰਨ ਲਈ ਇਹ ਸਾਜ਼ਿਸ਼ ਘੜੀ ਗਈ।

ਉਧਰ, ਗਿਆਨੀ ਹਰਪ੍ਰੀਤ ਸਿੰਘ ਨੇ ਜਾਂਚ ਲਈ ਬਣਾਈ ਕਮੇਟੀ ਬਾਰੇ ਅਸਹਿਮਤੀ ਪ੍ਰਗਟਾਈ ਹੈ। ਉਨ੍ਹਾਂ ਕਿਹਾ ਕਿ ਦੋਸ਼ ਲਾਉਣ ਵਾਲਾ ਧੜਾ ਵੀ ਉਹੀ ਹੈ, ਉਹੀ ਧੜਾ ਜਾਂਚ ਕਰਵਾ ਰਿਹਾ ਹੈ ਤੇ ਉਹ ਹੀ ਫ਼ੈਸਲਾ ਕਰੇਗਾ। ਉਨ੍ਹਾਂ ਆਖਿਆ ਕਿ ਇਸ ਸਬੰਧੀ ਪਹਿਲਾਂ ਹੀ ਫ਼ੈਸਲਾ ਕੀਤਾ ਜਾ ਚੁੱਕਾ ਹੈ। ਉਨ੍ਹਾਂ ਦੋਸ਼ ਲਾਇਆ ਕਿ ਜਥੇਦਾਰਾਂ ਨੂੰ ਜ਼ਲੀਲ ਕਰਕੇ ਅਹੁਦੇ ਤੋਂ ਹਟਾਉਣ ਦਾ ਇਹ ਵਰਤਾਰਾ ਕੋਈ ਨਵਾਂ ਨਹੀਂ। ਉਨ੍ਹਾਂ ਕਿਹਾ ਕਿ ਉਨ੍ਹਾਂ ਨੂੰ ਸੇਵਾਵਾਂ ਬਰਖ਼ਾਸਤ ਕਰਨ ਦਾ ਕੋਈ ਫ਼ਕਰ ਨਹੀਂ ਹੈ। ਉਨ੍ਹਾਂ ਕਿਹਾ ਕਿ ਉਹ ਦੋਸ਼ਾਂ ਬਾਰੇ ਸਪਸ਼ਟੀਕਰਨ ਦੇ ਚੁੱਕੇ ਹਨ। ਸ਼ਹੀਦੀ ਪੰਦਰਵਾੜਾ ਖ਼ਤਮ ਹੋਣ ਤੋਂ ਬਾਅਦ ਉਹ ਮੰਗੇ ਕੁਝ ਹੋਰ ਸਵਾਲਾਂ ਦੇ ਜਵਾਬ ਦੇਣਗੇ।

ਖ਼ੁਸ਼ਖਬਰੀ ! ਖ਼ੁਸ਼ਖਬਰੀ ! ਖ਼ੁਸ਼ਖਬਰੀ !
ਹੁਣ ਤੁਹਾਡੀ ਸੇਵਾ ਵਿੱਚ
BRAMPTON CASH & CARRY
ਇੱਕ ਨਵੀਂ ਬ੍ਰਾਂਚ ਬਹੁਤ ਜਲਦ ਖੁੱਲ ਰਹੀ ਹੈ
3643 Portage Rd, Niagara Falls
416-700-9100

ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦੀ ਜਿੰਦ-ਜਾਣ ਸਾਹਿਤਕ,ਸਭਿਆਚਾਰਕ ਅਤੇ ਖੇਡ-ਮੇਲਿਆਂ ਵਿੱਚ ਮਿੱਠੀ ਮਿੱਠੀ ਸ਼ਬਦਾਵਲੀ, ਸ਼ੇਅਰੋ ਸ਼ਾਇਰੀ ਅਤੇ ਕਥਾ ਕਹਾਣੀਆਂ ਨਾਲ ਮਨੋਰੰਜਕ ਪੇਸ਼ਕਾਰੀ ਲਈ ਸਟੇਜ ਸੰਚਾਲਨ ਵਾਸਤੇ ਹਮੇਸ਼ਾ ਯਾਦ ਰੱਖੋ

ਡਾ: ਦਰਸ਼ਨਦੀਪ ਅਰੋੜਾ
ਕੋ- ਹੋਸਟ
( ਰੇਡੀਓ ਪ੍ਰੋਗਰਾਮ ਸਤਰੰਗ 1350 AM )
ਸੋਮਵਾਰ ਤੋਂ ਸ਼ੁੱਕਰਵਾਰ ਤੱਕ 10 ਤੋਂ 11 ਵਜ਼ੇ ਤੱਕ
+1 437-243-3091



# BRAMPTON CASH AND CARRY

WHOLESALER | IMPORTER
DISTRIBUTOR | RETAILER

**Wholesaler, Importer, Distributor & Retailer of Restaurants Supply**








BRAMPTON
CASH & CARRY

Brampton CashandCarry2023@gmail.com

**905-230-4800**

100 Kennedy Road S., Brampton, ON L6W 3E7

HURRY!

SPECIAL OFFER

BRAMPTON CASH & CARRY
Importer | Wholesaler | Retailer

WHITE ONION– 50 POUND

22 $




BUY NOW

T&C APPLY

100 Kennedy Rd S,
Brampton, ON L6W 3E7, Canada

905-230-4800

HURRY!

SPECIAL OFFER

BRAMPTON CASH & CARRY
Importer | Wholesaler | Retailer

BRAR BESAN SUPER FINE

9.99 $




BRAR SWEET CORN FLOUR




4.99 $

SHER WHITE WHOLE WHEAT ATTA

15.99 $




BUY NOW

T&C APPLY

100 Kennedy Rd S,
Brampton, ON L6W 3E7, Canada

905-230-4800



AAPKI PASAND AAPKA SWAAD
DURUM CHAKKI
ATTA
Aapki PASAND
AAPKA SWAAD
ਆਟਾ
आटा
Indian Style
DURUM
CHAKKI
ATTA
FARINE DE BLÉ
WHOLE WHEAT 100% BLÉ ENTIER
6HR
WEIGHT
20LB
PRICE
$9.99
BRAMPTON
CASH & CARRY
Importer | Wholesaler | Retailer
6HR
SOFTNESS
BEST FOR ROLLS, PARANTHAS. POORIS & HOTBREADS


GRAND
OPENING
3643 PORTAGE RD, NIAGARA FALLS
CONTACT: +1 (416)700-9100
COMING SOON
BRAMPTON CASH AND CARRY
BRAMPTON
CASH & CARRY
IMPORTER | WHOLESALER| RETAILER
BRAMPTON
CASH & CARRY
Importer | Wholesaler | Retailer
OPEN EVERYDAY FROM
9:00 AM TO 9:00 PM